AQA

# GCSE PANJABI

# H

Higher Tier Paper 1 Listening Test Transcript

Wednesday 14 June 2023 Afternoon Time allowed: 45 minutes approximately
(including 5 minutes' reading time before the test)

FOR INVIGILATOR'S USE ONLY

**The pauses are pre-recorded for this test.**

This is what you should do for each item.

- After the question number is announced, there will be a pause to allow you to read the instructions and questions.
- Listen carefully to the recording and read the questions again.
- Listen to the recording again and then answer the questions.
- When the next question is about to start you will hear a bleep like this (*).
- You may write at any time during the test.
- In **Section A**, answer the questions in **English**. In **Section B**, answer the questions in **Panjabi**.
- You must answer all the questions in the spaces provided. Do **not** write outside the box around each page or on blank pages.
- Write neatly and put down **all** the information you are asked to give.
- **Ask any questions now. You must not ask questions or interrupt during the test*.**
- You now have five minutes to read through the question paper. You may make notes during this time. You may open your answer book now.
- **The test starts now.**

Once the test has started, the invigilator must not pause it **at any time** as all pauses, including the five minutes' reading time, are pre-recorded.

*If candidates ask any questions at this point, the invigilator should pause the recording until the questions have been answered. The recording should then be restarted.

## Section A

Questions and answers in **English**.

**0 1** **M1** ਸਤਿੰਦਰ ਤੁਸੀਂ ਯੂਨੀਵਰਸਿਟੀ ਜਾਣ ਤੋਂ ਪਹਿਲਾਂ ਇੱਕ ਸਾਲ ਦੀ ਛੁੱਟੀ ਕਿਉਂ ਲੈਣਾ ਚਾਹੁੰਦੇ ਹੋ ?

**F2** ਯੂਨੀਵਰਸਿਟੀ ਜਾਣ ਤੋਂ ਪਹਿਲਾਂ ਇਸ ਸਾਲ ਦੇ ਦੌਰਾਨ ਮੈਂ ਵੱਖ ਵੱਖ ਦੇਸ਼ਾਂ ਵਿੱਚ ਘੁੰਮ ਫਿਰ ਕੇ ਤਜਰਬਾ ਹਾਸਲ ਕਰਨਾ ਚਾਹੁੰਦੀ ਹਾਂ ਪਰ ਮੈਨੂੰ ਫਿਕਰ ਹੈ ਕਿ ਖਰਚਾ ਬਹੁਤ ਜ਼ਿਆਦਾ ਹੋ ਜਾਵੇਗਾ ।

**0 2** **F2** ਹਰਸ਼ ਤੁਹਾਡੇ ਯੂਨੀਵਰਸਿਟੀ ਜਾਣ ਤੋਂ ਪਹਿਲਾਂ ਇੱਕ ਸਾਲ ਦੀ ਛੁੱਟੀ ਲੈਣ ਬਾਰੇ ਕੀ ਖਿਆਲ ਹਨ ?

**M1** ਮੈਂ ਵੀ ਯੂਨੀਵਰਸਿਟੀ ਜਾਣ ਤੋਂ ਪਹਿਲਾਂ ਇੱਕ ਸਾਲ ਦੀ ਛੁੱਟੀ ਲੈਣੀ ਚਾਹੁੰਦਾ ਹਾਂ ਕਿਉਂਕਿ ਮੈਂ ਇਸ ਸਾਲ ਦੇ ਦੌਰਾਨ ਗੀਤ ਗਾਉਣੇ ਸਿੱਖਣੇ ਚਾਹੁੰਦਾ ਹਾਂ ਪਰ ਮੈਂ ਪੜ੍ਹਾਈ ਵਿੱਚ ਆਪਣੇ ਦੋਸਤਾਂ ਨਾਲੋਂ ਇੱਕ ਸਾਲ ਪਿੱਛੇ ਰਹਿ ਜਾਵਾਂਗਾ ।

**0 3** **F2** ਮੇਰੇ ਸ਼ਹਿਰ ਵਿੱਚ ਵਿਸਾਖੀ ਦਾ ਤਿਉਹਾਰ ਮਨਾਉਣ ਲਈ ਨਗਰ ਕੀਰਤਨ ਹੋਵੇਗਾ ਅਤੇ ਥਾਂ ਥਾਂ ਤੇ ਲੰਗਰ ਵੀ ਵਰਤਾਇਆ ਜਾਵੇਗਾ । ਮੇਰੀ ਸਹੇਲੀ ਦੇ ਸ਼ਹਿਰ ਵਿੱਚ ਵਿਸਾਖੀ ਦੇ ਤਿਉਹਾਰ ਤੇ ਭੰਗੜੇ ਅਤੇ ਗਿੱਧੇ ਦੇ ਮੁਕਾਬਲੇ ਕਰਵਾਏ ਜਾਣਗੇ ਮੇਰੇ ਚਾਚਾ ਜੀ ਦੇ ਸ਼ਹਿਰ ਵਿੱਚ ਵਿਸਾਖੀ ਤੇ ਗੁਰਦੁਆਰੇ ਵਿੱਚ ਪਟਾਕਿਆਂ ਦਾ ਖਾਸ ਸ਼ੋਅ ਕੀਤਾ ਜਾਂਦਾ ਹੈ ।

**0 4** **M2** ਸਾਡੇ ਸਕੂਲ ਦੇ ਕਲੱਬ ਨੇ ਵਾਤਾਵਰਣ ਦੀ ਦੇਖਭਾਲ ਲਈ ਪਿਛਲੀ ਟਰਮ ਵਿੱਚ ਸਕੂਲ ਦੇ ਬਗੀਚੇ ਵਿੱਚ ਸਬਜ਼ੀਆਂ ਉਗਾਈਆਂ ਸਨ । ਇਸ ਟਰਮ ਵਿੱਚ ਸਕੂਲ ਦੀ ਕੰਟੀਨ ਵਿੱਚ ਮੁੜ ਵਰਤੋਂ ਵਾਲੀਆਂ ਚੀਜ਼ਾਂ ਪਾਉਣ ਲਈ ਡੱਬੇ ਰੱਖੇ ਹਨ । ਅਗਲੀ ਟਰਮ ਵਿੱਚ ਸਾਰਿਆਂ ਨੂੰ ਸਕੂਲ ਦੇ ਖਤਮ ਹੋਣ ਤੋਂ ਬਾਅਦ ਜਮਾਤਾਂ ਦੇ ਕਮਰਿਆਂ ਦੇ ਪ੍ਰੋਜੈਕਟਰ ਬੰਦ ਕਰਨ ਦੀ ਸਲਾਹ ਦਿਆਂਗੇ ।

**0 5** **M1** ਪੰਜਾਬ ਦੇ ਮੁੱਖ ਮੰਤਰੀ ਜਲੰਧਰ ਵਿੱਚ ਬੇਘਰੇ ਲੋਕਾਂ ਦੀ ਵਧਦੀ ਗਿਣਤੀ ਦੀ ਸਮੱਸਿਆ ਨੂੰ ਹੱਲ ਕਰਨਾ ਚਾਹੁੰਦੇ ਹਨ । ਮੁੱਖ ਮੰਤਰੀ ਜੀ ਨੇ ਬੇਘਰੇ ਲੋਕਾਂ ਨੂੰ ਰਹਿਣ ਲਈ ਜਗ੍ਹਾ ਦੇਣ ਦਾ ਵਾਅਦਾ ਕੀਤਾ ਹੈ । ਉਹ ਸਰਕਾਰ ਦੀ ਮਦਦ ਨਾਲ ਸ਼ੈਲਟਰਾਂ ਨੂੰ ਘਰਾਂ ਵਿੱਚ ਬਦਲਣਾ ਚਾਹੁੰਦੇ ਹਨ ਜਿੱਥੇ ਬੇਘਰੇ ਲੋਕ ਆਰਾਮ ਨਾਲ ਰਹਿ ਸਕਣਗੇ ।

**0 6** **M2** ਪੰਜਾਬ ਦੀ ਕੋਈ ਵੀ ਲੋਕ ਭਲਾਈ ਕਰਨ ਵਾਲੀ ਸੰਸਥਾ ਸਮਾਜ ਦੇ ਇਕੱਲੇ ਵਿਅਕਤੀ ਨੂੰ ਬੱਚਾ ਹਮੇਸ਼ਾ ਲਈ ਦੇਖਭਾਲ ਕਰਨ ਲਈ ਨਹੀਂ ਦਿੰਦੀ । ਇਕੱਲੇ ਵਿਅਕਤੀ ਨੂੰ ਥੋੜ੍ਹੇ ਸਮੇਂ ਲਈ ਤਾਂ ਬੱਚੇ ਦੀ ਦੇਖਭਾਲ ਕਰਨ ਲਈ ਦੇ ਦਿੰਦੇ ਹਨ ਪਰ ਹਮੇਸ਼ਾਂ ਲਈ ਨਹੀਂ ਦਿੰਦੇ । ਮੇਰੇ ਖਿਆਲ ਵਿੱਚ ਇਹ ਕਾਨੂੰਨ ਬਰਾਬਰਤਾ ਦੇ ਵਿਰੁੱਧ ਹੈ ਅਤੇ ਇਸ ਵਿਤਕਰੇ ਨੂੰ ਖਤਮ ਕਰਨ ਲਈ ਇਹ ਕਾਨੂੰਨ ਬਦਲਣਾ ਚਾਹੀਦਾ ਹੈ।

**0 7** **F1** ਸਿੱਖਿਆ ਦੇ ਮਾਹਿਰਾਂ ਦਾ ਕਹਿਣਾ ਹੈ ਕਿ ਪਿਛਲੇ ਸਾਲ ਸਕੂਲ ਬਹੁਤ ਸਮਾਂ ਬੰਦ ਰਹਿਣ ਕਾਰਨ ਨੌਜਵਾਨ ਇਮਤਿਹਾਨਾਂ ਦੌਰਾਨ ਤਣਾਉਪੂਰਨ ਹੋ ਸਕਦੇ ਹਨ, ਮਾਪਿਆਂ ਨੂੰ ਇਹ ਸਮਝਣ ਦੀ ਲੋੜ ਹੈ ਕਿ ਇਸ ਸਮੇਂ ਬੱਚਿਆਂ ਨੂੰ ਉਨ੍ਹਾਂ ਦੀ ਮਦਦ ਦੀ ਲੋੜ ਹੈ ।

**0 8** **F2** ਮੇਰੇ ਵਿਚਾਰ ਵਿੱਚ ਬੱਚਿਆਂ ਨੂੰ ਇਸ ਮੁਸ਼ਕਲ ਸਮੇਂ ਦੌਰਾਨ ਮਾਪਿਆਂ ਦੇ ਪਿਆਰ ਅਤੇ ਦੇਖਭਾਲ ਦੀ ਜ਼ਰੂਰਤ ਹੁੰਦੀ ਹੈ ਪਰ ਕਈ ਬੱਚੇ ਆਪਣੇ ਮਾਪਿਆਂ ਤੋਂ ਦੂਰੀ ਬਣਾ ਲੈਂਦੇ ਹਨ ।

**0 9** **M1** ਮੇਰੇ ਖਿਆਲ ਵਿੱਚ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਦੋਸਤ ਜਾਂ ਸਹੇਲੀਆਂ ਦੇ ਸੰਪਰਕ ਬਾਰੇ ਪਤਾ ਹੋਣਾ ਚਾਹੀਦਾ ਹੈ । ਇਸ ਨਾਲ ਉਨ੍ਹਾਂ ਨੂੰ ਇਹ ਪਤਾ ਲਗ ਸਕੇਗਾ ਕਿ ਉਹਨਾਂ ਦੇ ਬੱਚੇ ਕਿਉਂ ਪਰੇਸ਼ਾਨ ਹਨ ?

**1 0** **M2** ਅੱਜ ਕਲ੍ਹ ਵਿਦਿਆਰਥੀ ਚੰਗੇ ਗਰੇਡ ਲੈਣ ਲਈ ਨਿੱਜੀ ਅਧਿਆਪਕਾਂ ਕੋਲੋ ਪੜ੍ਹ ਰਹੇ ਹਨ । ਵਿਦਿਆਰਥੀਆਂ ਦੇ ਵਿਚਾਰ ਅਨੁਸਾਰ ਨਿੱਜੀ ਅਧਿਆਪਕ ਉਹਨਾਂ ਨੂੰ ਚੰਗੇ ਢੰਗਾਂ ਨਾਲ ਪੜ੍ਹਾਉਂਦੇ ਹਨ ।

**1 1** **M2** ਮਾਪੇ ਇੱਕ ਨਿੱਜੀ ਅਧਿਆਪਕ ਕੋਲ ਬੱਚਿਆਂ ਨੂੰ ਟਿਊਸ਼ਨ ਪੜ੍ਹਾਉਣ ਲਈ ਬਹੁਤ ਪੈਸੇ ਖਰਚਦੇ ਹਨ । ਉਹ ਸੋਚਦੇ ਹਨ ਕਿ ਟਿਊਸ਼ਨ ਪੜ੍ਹਾਉਣ ਵਾਲੇ ਅਧਿਆਪਕ ਉਹਨਾਂ ਦੇ ਬੱਚਿਆਂ ਦੀ ਪੜ੍ਹਾਈ ਵਿੱਚ ਤਰੱਕੀ ਲਈ ਜ਼ਿੰਮੇਵਾਰ ਹਨ ।

**1 2** **M2** ਸਕੂਲਾਂ ਦੇ ਅਧਿਆਪਕਾਂ ਅਨੁਸਾਰ ਆਪਣੇ ਵਪਾਰ ਲਈ ਨਿੱਜੀ ਅਧਿਆਪਕ ਵਿਦਿਆਰਥੀਆਂ ਦੇ ਮਾਪਿਆਂ ਨੂੰ ਉਹਨਾਂ ਦੇ ਬੱਚਿਆਂ ਦੀ ਤਰੱਕੀ ਬਾਰੇ ਵਧਾ ਚੜ੍ਹਾ ਕੇ ਦੱਸਦੇ ਹਨ ਅਤੇ ਮਾਪੇ ਚਾਹੁੰਦੇ ਹਨ ਕਿ ਸਕੂਲ ਵਿੱਚ ਉਹਨਾਂ ਦੇ ਬੱਚਿਆਂ ਦੇ ਟਿਊਸ਼ਨ ਪੜ੍ਹਾਉਣ ਵਾਲੇ ਅਧਿਆਪਕਾਂ ਵਲੋਂ ਦੱਸੇ ਹੋਏ ਗਰੇਡ ਆਉਣ ।

**1 3** **F1** ਫੈਸ਼ਨ ਦੇ ਦੀਵਾਨਿਆਂ ਲਈ ਇੰਸਟਾਗ੍ਰਾਮ ਨਵੇਂ ਫੈਸ਼ਨ ਸਿੱਖਣ ਅਤੇ ਆਪਣਾ ਰੂਪ ਸਾਂਝਾ ਕਰਨ ਲਈ ਇੱਕ ਸਭ ਤੋਂ ਚੰਗਾ ਪਲੇਟਫਾਰਮ ਹੈ ।

**M1** ਯੂਟਿਊਬ ਤੇ ਵੀਡੀਓਜ਼ ਨਾਲ ਵਧੀਆ ਮਨੋਰੰਜਨ ਦੇ ਨਾਲ ਨਾਲ ਲੋਕਾਂ ਦੇ ਗਿਆਨ ਵਿੱਚ ਵਾਧਾ ਹੋ ਜਾਂਦਾ ਹੈ ਪਰ ਕਈ ਵਾਰ ਲੋਕ ਬਹੁਤ ਮਾੜੀਆਂ ਟਿੱਪਣੀਆਂ ਵੀ ਕਰ ਦਿੰਦੇ ਹਨ ।

**F2** ਅੱਜ ਕਲ੍ਹ ਇੰਟਰਨੈੱਟ ਬੈਂਕਿੰਗ ਨੇ ਲੋਕਾਂ ਦੀ ਜ਼ਿੰਦਗੀ ਸੌਖੀ ਕਰ ਦਿੱਤੀ ਹੈ । ਲੋਕ ਬੈਂਕ ਗਏ ਬਗੈਰ ਕਿਤੇ ਵੀ ਕਿਸੇ ਵੀ ਸਮੇਂ ਆਪਣੇ ਖਾਤੇ ਦੀ ਜਾਂਚ ਕਰ ਸਕਦੇ ਹਨ ।

**M2** ਟਿਕ ਟੌਕ ਤੋਂ ਲਗਭਗ ਸਾਰੇ ਬੱਚੇ ਬਹੁਤ ਪ੍ਰਭਾਵਿਤ ਹਨ ਅਤੇ ਉਹ ਟਿਕ ਟੌਕ ਤੇ ਪੋਸਟ ਕੀਤੀ ਜਾਣਕਾਰੀ ਦੇ ਨਤੀਜਿਆਂ ਨੂੰ ਸੋਚੇ ਬਗੈਰ ਹੀ ਵਰਤਦੇ ਹਨ ।

**1 4** **F1** ਡਾਕਟਰ ਬਲਰਾਜ ਜੀ, ਤੁਹਾਡਾ ਪੰਜਾਬ ਵਿੱਚ ਅੰਮ੍ਰਿਤਸਰ ਹੀ ਰਹਿਣ ਦਾ ਕੀ ਕਾਰਨ ਹੈ?

**M1** ਸਿਮਰਤ, ਮੈਂ ਅੰਮ੍ਰਿਤਸਰ ਵਿੱਚ ਰਹਿ ਕੇ ਉੱਥੇ ਗਰੀਬ ਬੱਚਿਆਂ ਦਾ ਚੰਗਾ ਭਵਿੱਖ ਬਣਾਉਣ ਲਈ ਉਹਨਾਂ ਨੂੰ ਪੜ੍ਹਾਉਣਾ ਚਾਹੁੰਦਾ ਹਾਂ । ਮੈਂ ਚਾਹੁੰਦਾ ਹਾਂ ਕਿ ਉਹ ਪੜ੍ਹ ਲਿਖ ਕੇ ਸਮਾਜ ਦੀ ਸੇਵਾ ਕਰ ਸਕਣ ਇਸ ਲਈ ਮੈਂ ਤਨ ਮਨ ਤੇ ਧਨ ਨਾਲ ਸੇਵਾ ਕਰਾਂਗਾ ।

**F1** ਡਾਕਟਰ ਬਲਰਾਜ ਜੀ, ਤੁਹਾਡੇ ਖਿਆਲ ਵਿੱਚ ਪੰਜਾਬ ਵਿੱਚ ਗਰੀਬੀ ਵਧਣ ਦੇ ਕੀ ਕਾਰਨ ਹਨ?

**M1** ਸਿਮਰਤ, ਮੈਨੂੰ ਲਗਦਾ ਹੈ ਕਿ ਗਰੀਬ ਲੋਕ ਸਾਰਾ ਦਿਨ ਆਪਣੀ ਰੋਜ਼ੀ ਰੋਟੀ ਕਮਾਉਣ ਵਿੱਚ ਹੀ ਲੱਗੇ ਰਹਿੰਦੇ ਹਨ ਅਤੇ ਉਹਨਾਂ ਕੋਲ ਜ਼ਰੂਰਤ ਦੀਆਂ ਆਮ ਚੀਜ਼ਾਂ ਦੀ ਬਹੁਤ ਕਮੀ ਹੈ । ਕਈ ਵਾਰੀ ਰੋਟੀ ਪਾਣੀ ਚਲਾਉਣ ਲਈ ਬੱਚਿਆਂ ਨੂੰ ਪੜ੍ਹਾਉਣ ਦੀ ਥਾਂ ਕੰਮ ਕਰਨ ਲਈ ਭੇਜਣਾ ਪੈਂਦਾ ਹੈ ।

**1 5** **M2** ਸਾਡਾ ਇਲਾਕਾ ਪਹਿਲਾਂ ਬਹੁਤ ਹੀ ਸੁਰੱਖਿਅਤ ਹੁੰਦਾ ਸੀ ਜਿਹੜਾ ਕਿ ਲੋਕਾਂ ਦੇ ਰਹਿਣ ਲਈ ਵਧੀਆ ਇਲਾਕਾ ਸੀ ਪਰ ਹੁਣ ਇੱਥੇ ਦਿਨੋ ਦਿਨ ਅਪਰਾਧ ਬਹੁਤ ਵਧ ਰਹੇ ਹਨ ਕਿਉਂਕਿ ਇਲਾਕੇ ਵਿੱਚ ਪੁਲੀਸ ਦੀ ਮੌਜੂਦਗੀ ਘੱਟ ਹੈ।

**1 6** **F1** ਮੇਰੇ ਮਾਤਾ ਜੀ ਤੰਦਰੁਸਤ ਨਹੀਂ ਹਨ ਪਰ ਉਨ੍ਹਾਂ ਨੇ ਨਵੇਂ ਸਾਲ ਵਿੱਚ ਪਹਿਲਾਂ ਨਾਲੋਂ ਵਧੇਰੇ ਸਿਹਤਮੰਦ ਬਣਨ ਲਈ ਸੰਤੁਲਿਤ ਭੋਜਨ ਖਾਣ ਦਾ ਅਤੇ ਹਰ ਰੋਜ਼ ਸਵੇਰੇ ਸ਼ਾਮ ਸੈਰ ਕਰਨ ਦਾ ਵਾਅਦਾ ਕੀਤਾ ਹੈ। ਮੇਰੀ ਭੈਣ ਤੈਰਨਾ ਸਿੱਖਣਾ ਚਾਹੁੰਦੀ ਹੈ ਕਿਉਂਕਿ ਉਹ ਤੰਦਰੁਸਤ ਬਣਨਾ ਚਾਹੁੰਦੀ ਹੈ ਪਰ ਹਰ ਸਾਲ ਆਪਣਾ ਮਨ ਬਦਲ ਲੈਂਦੀ ਹੈ। ਮੈਨੂੰ ਦੌੜਨਾ ਬਹੁਤ ਪਸੰਦ ਹੈ ਪਰ ਜਦੋਂ ਮੀਂਹ ਪੈਂਦਾ ਹੈ ਤਾਂ ਮੈਂ ਬਾਹਰ ਨਹੀਂ ਜਾ ਸਕਦੀ ਇਸ ਲਈ ਮੈਂ ਜਿਮ ਜਾਣ ਦਾ ਫੈਸਲਾ ਕੀਤਾ ਹੈ।

**1 7** **F2** ਮੈਂ ਕਿਰਨ ਹਾਂ। ਮੈਨੂੰ ਆਪ ਗੀਤ ਲਿਖ ਕੇ ਗਾਉਣ ਦਾ ਬਹੁਤ ਸ਼ੌਂਕ ਹੈ ਪਰ ਮੈਂ ਕਦੀ ਵੀ ਲੋਕਾਂ ਦੇ ਸਾਹਮਣੇ ਗਾਉਣ ਦੀ ਕੋਸ਼ਿਸ਼ ਨਹੀਂ ਕੀਤੀ ਅਤੇ ਨਾ ਹੀ ਕਦੇ ਮੌਕਾ ਮਿਲਿਆ ਹੈ। ਪ੍ਰੀਤਮ, ਤੁਸੀਂ ਮੈਨੂੰ ਆਪਣੇ ਬਾਰੇ ਦੱਸੋ।

**M1** ਮੈਂ ਵੱਖ ਵੱਖ ਕਿਸਮ ਦੇ ਨਵੇਂ ਨਵੇਂ ਖਾਣੇ ਬਣਾਉਂਦਾ ਹਾਂ ਪਰ ਮੈਨੂੰ ਖਾਣੇ ਬਣਾਉਣ ਦੇ ਮੁਕਾਬਲਿਆਂ ਵਿੱਚ ਹਿੱਸਾ ਲੈਣਾ ਬਿਲਕੁਲ ਵੀ ਚੰਗਾ ਨਹੀਂ ਲਗਦਾ। ਨੀਲਮ, ਤੁਸੀਂ ਮੈਨੂੰ ਆਪਣੇ ਵਿਹਲੇ ਸਮੇਂ ਬਾਰੇ ਦੱਸੋ।

**F1** ਮੈਂ ਵਿਹਲੇ ਸਮੇਂ ਵਿੱਚ ਫਿਲਮਾਂ ਲਈ ਕਹਾਣੀਆਂ ਲਿਖਦੀ ਹਾਂ ਪਰ ਮੈਂ ਫਿਲਮਾਂ ਵਿੱਚ ਕੰਮ ਕਰਨਾ ਪਸੰਦ ਨਹੀਂ ਕਰਦੀ।

**1 8** **F2** ਅਸੀਂ ਆਧੁਨਿਕ ਟੈਕਨੌਲੌਜੀ ਵਿੱਚ ਆ ਰਹੀਆਂ ਵਾਇਰਸ ਕਾਰਨ ਹੋਣ ਵਾਲੀਆਂ ਸਮੱਸਿਆਵਾਂ ਬਾਰੇ ਗੱਲਬਾਤ ਕਰ ਰਹੇ ਹਾਂ। ਵਾਇਰਸ ਹਾਰਡ ਡਰਾਈਵ ਤੇ ਸਾਰਾ ਕੰਮ ਤਬਾਹ ਕਰ ਦਿੰਦੇ ਹਨ ਅਤੇ ਕੰਪਿਊਟਰ ਦੇ ਕੰਮ ਕਰਨ ਦੀ ਸਪੀਡ ਤੇ ਵੀ ਮਹੱਤਵਪੂਰਣ ਪ੍ਰਭਾਵ ਪਾਉਂਦੇ ਹਨ।

**F1** ਮੇਰੇ ਖਿਆਲ ਵਿੱਚ ਇੰਟਰਨੈੱਟ ਵਰਤਣ ਵਾਲਿਆਂ ਨੂੰ ਕੰਪਿਊਟਰ ਦੀ ਸੁਰੱਖਿਅਤਾ ਨੂੰ ਬਹੁਤ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ਅਤੇ ਹਮੇਸ਼ਾ ਇੱਕ ਵੱਖਰੇ ਪਾਸਵਰਡ ਦੀ ਵਰਤੋਂ ਕਰਨ ਜਿਸ ਨਾਲ ਆਪਣੀ ਵਿਅਕਤੀਗਤ ਜਾਣਕਾਰੀ ਚੋਰੀ ਹੋਣ ਤੋਂ ਬਚਾ ਸਕਣ।

## Section B

Questions and answers in **Panjabi**.

**19**

**M1** ਕੁਲਰਾਜ, ਕੀ ਤੁਹਾਨੂੰ ਨੌਕਰੀ ਮਿਲ ਗਈ ਹੈ ?

**F2** ਹਾਂ ਨੌਕਰੀ ਤਾਂ ਮਿਲ ਗਈ ਹੈ ਪਰ ਪੈਸੇ ਬਹੁਤ ਘੱਟ ਮਿਲਦੇ ਹਨ । ਦਵਿੰਦਰ, ਤੁਹਾਡੀ ਨੌਕਰੀ ਕਿਵੇਂ ਹੈ ?

**M1** ਮੇਰੀ ਨੌਕਰੀ ਤਾਂ ਠੀਕ ਹੈ ਪਰ ਕੰਮ ਬਹੁਤ ਕਰਵਾਉਂਦੇ ਹਨ ਇਸ ਕਰਕੇ ਮੈਂ ਬਹੁਤ ਥੱਕ ਜਾਂਦਾ ਹਾਂ ।

**20**

**F1** ਕੰਵਲ, ਤੁਹਾਡਾ ਹੋਸਟਲ ਦਾ ਕਮਰਾ ਕਿਸ ਤਰ੍ਹਾਂ ਦਾ ਹੈ ?

**F2** ਕਮਰਾ ਬਹੁਤ ਹੀ ਖੁੱਲ੍ਹਾ ਅਤੇ ਹਵਾਦਾਰ ਹੈ । ਕਮਰੇ ਦੇ ਬਿਲਕੁਲ ਸੱਜੇ ਪਾਸੇ ਇੱਕ ਬਹੁਤ ਵੱਡੀ ਅਲਮਾਰੀ ਹੈ ਅਤੇ ਖੱਬੇ ਪਾਸੇ ਮੰਜਾ ਹੈ ਪਰ ਕੰਧਾਂ ਦਾ ਗੂੜ੍ਹਾ ਨੀਲਾ ਰੰਗ ਹੋਣ ਕਰਕੇ ਕਮਰੇ ਵਿੱਚ ਰੋਸ਼ਨੀ ਘੱਟ ਹੈ ।

**21**

**M1** ਮਨਰੀਤਾ ਤੁਹਾਨੂੰ ਯੂਨੀਵਰਸਿਟੀ ਕਿਵੇਂ ਲੱਗੀ ?

**F2** ਮੈਨੂੰ ਯੂਨੀਵਰਸਿਟੀ ਦੀ ਇਮਾਰਤ ਬਹੁਤ ਪਸੰਦ ਆਈ ਕਿਉਂਕਿ ਨਵੀਂ ਬਣੀ ਹੈ ਅਤੇ ਦੰਦਾਂ ਦੇ ਡਾਕਟਰੀ ਵਿਭਾਗ ਦੀਆਂ ਸਹੂਲਤਾਂ ਤਾਂ ਪੂਰੀ ਤਰ੍ਹਾਂ ਨਵੀਆਂ ਹਨ । ਇਸ ਵਿਭਾਗ ਵਿੱਚ ਹੀ ਮੈਂ ਦਾਖਲਾ ਲੈਣਾ ਚਾਹੁੰਦੀ ਹਾਂ ਪਰ ਇੱਕੋ ਹੀ ਕਮੀ ਹੈ ਕਿ ਸ਼ਹਿਰ ਤੋਂ ਕਾਫੀ ਦੂਰ ਹੈ ਇਸ ਲਈ ਮੈਨੂੰ ਇੱਕ ਕਾਰ ਖਰੀਦਣੀ ਪਵੇਗੀ ।

**22**

**M2** ਸਰੀਤਾ, ਸੈਰ ਸਪਾਟੇ ਬਾਰੇ ਤੁਹਾਡੀ ਕੀ ਰਾਏ ਹੈ ?

**F2** ਜਗਜੀਤ, ਸੈਰ ਸਪਾਟਾ ਮੇਰੇ ਲਈ ਬਹੁਤ ਮਹੱਤਵਪੂਰਣ ਹੈ ਕਿਉਂਕਿ ਇਸ ਨਾਲ ਮੈਨੂੰ ਨਵੇਂ ਨਵੇਂ ਸਭਿਆਚਾਰਾਂ ਬਾਰੇ ਸਿੱਖਣ ਦਾ ਮੌਕਾ ਮਿਲਦਾ ਹੈ । ਸੈਰ ਸਪਾਟੇ ਤੇ ਜਾ ਕੇ ਲੋਕ ਉਸ ਦੇਸ਼ ਦੀ ਬੋਲੀ ਅਤੇ ਰੀਤੀ ਰਿਵਾਜਾਂ ਬਾਰੇ ਸਿੱਖ ਸਕਦੇ ਹਨ । ਜਗਜੀਤ ਤੁਹਾਡੀ ਇਸ ਬਾਰੇ ਕੀ ਰਾਏ ਹੈ ?

**M2** ਸਰੀਤਾ, ਮੈਂ ਇਸ ਨਾਲ ਸਹਿਮਤ ਹਾਂ ਕਿਉਂਕਿ ਸੈਲਾਨੀ ਸ਼ਹਿਰ ਦੇ ਵਪਾਰ ਵਿੱਚ ਵਾਧਾ ਕਰਦੇ ਹਨ ਅਤੇ ਸ਼ਹਿਰ ਦੇ ਲੋਕਾਂ ਲਈ ਨੌਕਰੀਆਂ ਪੈਦਾ ਕਰਨ ਵਿੱਚ ਵੀ ਹਿੱਸਾ ਪਾਉਂਦੇ ਹਨ ।

**END OF TEST**

**There are no texts printed on this page**

**There are no texts printed on this page**

**There are no texts printed on this page**

**Copyright information**

For confidentiality purposes, all acknowledgements of third-party copyright material are published in a separate booklet. This booklet is published after each live examination series and is available for free download from www.aqa.org.uk.

Permission to reproduce all copyright material has been applied for. In some cases, efforts to contact copyright-holders may have been unsuccessful and AQA will be happy to rectify any omissions of acknowledgements. If you have any queries please contact the Copyright Team.

Copyright © 2023 AQA and its licensors. All rights reserved.